# ਉਹ ਚੀਜ਼ਾਂ ਜਿਹੜੀਆਂ ਤੁਹਾਨੂੰ ਲਰਨਿੰਗ ਡਿਸਏਬਿਲਟੀ ਬਾਰੇ ਜਾਣਨੀਆਂ ਚਾਹੀਦੀਆਂ ਹਨ.

**ਲਰਨਿੰਗ ਡਿਸਏਬਿਲਟੀ ਐਸੋਸੀਏਸ਼ਨ ਆਫ ਪੀਲ**

ਦੀ ਭਾਗੀਦਾਰੀ ਵਿਚ

**ਰੀਜਨਲ ਡਾਇਵਰਸਿਟੀ ਰਾਉਂਡਟੇਬਲ ਆਫ ਪੀਲ**



## 'ਆਰਡੀਆਰ' ਕੌਣ ਹੈ?

ਰੀਜਨਲ ਡਾਇਵਰਸਿਟੀ ਰਾਉਂਡਟੇਬਲ (ਆਰਡੀਆਰ) ਇੱਕ ਗੈਰ-ਮੁਨਾਫਾ ਚੈਰੀਟੇਬਲ ਸੰਸਥਾ ਹੈ, ਜੋ ਸਮਾਜਕ ਸੰਗਠਨਾਂ ਅਤੇ ਸੰਸਥਾਵਾਂ ਨਾਲ ਜੁੜੇ ਮਨੁੱਖੀ ਦੇਖਭਾਲ ਸੇਵਾਵਾਂ ਜੋ ਉਚਿਤ, ਸਮਾਜਕ ਤੌਰ 'ਤੇ ਅਨੁਕੂਲ, ਸੱਭਿਆਚਾਰਕ ਤੌਰ 'ਤੇ ਕਾਬਲ, ਸਿਹਤ ਦੇਖਭਾਲ ਸੇਵਾਵਾਂ ਮੁਹੱਈਆ ਕਰਵਾਉਂਦਾ ਹੈ ਅਤੇ ਇੱਕ ਉੱਚ ਵਿਭਿੰਨ ਸਮਾਜ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ, ਦੇ ਲਈ ਇੱਕ ਨੇਤਾ ਵਜੋਂ ਵਚਨਬੱਧ ਹੈ. ਆਰਡੀਆਰ ਨੇ ਕਮਿਉਨਿਟੀ ਲੀਡਰਸ਼ਿਪ ਪ੍ਰੋਗਰਾਮ ਵਿਕਸਤ ਅਤੇ ਲਾਂਚ ਕੀਤਾ ਅਤੇ ਇਸਦੇ ਦੂਜੇ ਪੜਾਅ ਵਿੱਚ, ਇਹ ਵਰਤਮਾਨ ਵਿੱਚ ਡੀਈਆਈ ਦੇ ਆਦੇਸ਼ ਨੂੰ ਅੱਗੇ ਵਧਾਉਣ ਵਾਲੇ ਸੁਸਾਇਟੀ ਦੇ ਪ੍ਰਾਜੈਕਟਾਂ ਦੀ ਸਹਾਇਤਾ ਲਈ 30 ਰਾਜਦੂਤਾਂ ਅਤੇ 7 ਭਾਗੀਦਾਰ ਸੰਗਠਨਾਂ ਨਾਲ ਕੰਮ ਕਰ ਰਿਹਾ ਹੈ. ਸੁਸਾਇਟੀ ਦੇ ਪ੍ਰੋਜੈਕਟਾਂ ਨੂੰ ਹਰੇਕ ਸੰਸਥਾ ਦੇ ਸਰਪ੍ਰਸਤ ਦੁਆਰਾ ਸਮਰਥਨ ਦਿੱਤਾ ਜਾਂਦਾ ਹੈ ਜੋ ਆਪਸ ਵਿੱਚ ਲਾਭਕਾਰੀ ਸਾਰਥਕ ਗੱਲਬਾਤਾਂ ਅਤੇ ਕਿਰਿਆਵਾਂ ਦੇ ਰਾਹੀਂ ਪ੍ਰੋਗਰਾਮ ਦੇ ਭਾਗੀਦਾਰਾਂ ਨਾਲ ਨਿਰਪੱਖਤਾ ਅਤੇ ਸ਼ਮੂਲੀਅਤ ਨੂੰ ਉਤਸ਼ਾਹਤ ਕਰਨ ਲਈ ਸਮਰਪਿਤ. ਭਾਗੀਦਾਰ 9 ਮਹੀਨੇ ਦੇ ਸਿਖਲਾਈ ਪ੍ਰੋਗਰਾਮ ਵਿਚ ਵੀ ਲੱਗੇ ਹੋਏ ਹਨ ਜੋ ਕਿ ਓਟੀਐਫ ਦੁਆਰਾ ਫੰਡ ਕੀਤੇ ਦੋ ਸਾਲਾਂ ਦੇ ਪ੍ਰੋਜੈਕਟ ਦਾ ਹਿੱਸਾ ਹੈ.

ਇਹ ਬਰੋਸ਼ਰ ਸੀਐਲਪੀ ਪ੍ਰੋਗਰਾਮ ਅੰਬੈਸਡਰ ਦੁਆਰਾ ਐਲਡੀਏਪੀਆਰ ਦੀ ਕਾਰਜਕਾਰੀ ਡਾਇਰੈਕਟਰ - ਮਾਰੀਆ ਰੀਓਲਿਨ ਅਤੇ ਮੇਜ਼ਬਾਨ ਸੰਗਠਨ ਆਰਡੀਆਰ ਦੀ ਅਗਵਾਈ ਹੇਠ ਚਲਾਏ ਗਏ ਪ੍ਰੋਜੈਕਟ ਦੇ ਕੰਮ ਦਾ ਇਕ ਹਿੱਸਾ ਹੈ.



## ਐਲਡੀਏਪੀਆਰ ਕੌਣ ਹੈ?

ਲਰਨਿੰਗ ਡਿਸਏਬਿਲਟੀ ਐਸੋਸੀਏਸ਼ਨ ਆਫ ਪੀਲ ਇੱਕ ਗੈਰ-ਮੁਨਾਫਾ ਚੈਰੀਟੇਬਲ ਸੰਸਥਾ ਹੈ ਜੋ ਬੱਚਿਆਂ, ਜਵਾਨਾਂ, ਅਤੇ ਸਿਖਲਾਈ ਅਯੋਗਤਾਵਾਂ ਵਾਲੇ ਬਾਲਗਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਸਮਰਪਿਤ ਹੈ. ਇਸਦੀ ਤਾਕਤ ਸਮਾਜ ਤੋਂ ਆਉਂਦੀ ਹੈ ਅਤੇ ਅਸੀਂ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਸਫਲ ਹੋਣ ਲਈ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਲਈ ਆਪਣੇ ਮੈਂਬਰਾਂ ਅਤੇ ਵਾਲੰਟੀਅਰਾਂ 'ਤੇ ਨਿਰਭਰ ਕਰਦੇ ਹਾਂ.

ਐਲਡੀਏਪੀਆਰ ਇਸਦੇ ਸਹਿਭਾਗੀਆਂ ਦੇ ਨਾਲ ਮਿਲ ਕੇ ਸਿੱਖਣ ਦੀ ਅਯੋਗਤਾ ਵਾਲੇ ਲੋਕਾਂ ਅਤੇ ਉਹਨਾਂ ਦੇ ਪਰਿਵਾਰਾ ਦੀ ਮਦਦ ਕਰਨ ਲਈ, ਵਿਸ਼ੇਸ਼ ਪ੍ਰੋਗਰਾਮਾਂ, ਵਰਕਸ਼ਾਪਾਂ, ਸਹਾਇਤਾ ਸਮੂਹ ਮੁਹੱਈਆ ਕਰਦਾ ਹੈ, ਅਤੇ ਸਿੱਖਣ ਦੀਆਂ ਅਯੋਗਤਾਵਾਂ ਦੇ ਬਾਰੇ ਜਾਗਰੂਕਤਾ ਫੈਲਾਉਂਦਾ ਹੈ।

ਸਾਡੇ ਸਮਾਜ ਦੇ ਵੱਡੇ ਸਮਰਥਨ ਦੇ ਨਾਲ, ਐਲਡੀਏਪੀਆਰ ਇਹ ਯਕੀਨੀ ਬਣਾਉਣ ਲਈ ਕੰਮ ਕਰਦੀ ਹੈ ਕਿ ਉਨ੍ਹਾਂ ਦੇ ਪ੍ਰੋਗਰਾਮ ਸਾਰੇ ਲੋੜਵੰਦ ਲੋਕਾਂ ਤੱਕ ਪਹੁੰਚਦੇ ਹਨ, ਉਹਨਾਂ ਦੀ ਵਿਕਾਸ ਕਰਨ ਵਿੱਚ ਮਦਦ ਕਰਦੇ ਹਨ, ਅਤੇ ਪੀਲ ਰਿਜਨ ਵਿਚਲੇ ਪਰਿਵਾਰਾਂ ਨੂੰ ਸਰੋਤ ਅਤੇ ਸਹਾਇਤਾ ਪ੍ਰਦਾਨ ਕਰਦੇ ਹਨ.



“ਜੇ ਬੱਚਾ ਉਸ ਤਰੀਕੇ ਨਾਲ ਨਹੀਂ ਸਿੱਖ ਸਕਦਾ ਜਿਸ ਨਾਲ ਅਸੀਂ ਉਸ ਨੂੰ ਸਿਖਾਈਏ, ਫਿਰ ਸ਼ਾਇਦ ਸਾਨੂੰ ਉਹਨਾਂ ਦੇ ਸਿੱਖਣ ਦੇ ਤਰੀਕੇ ਨੂੰ ਬਦਲਣਾ ਚਾਹੀਦਾ ਹੈ."

ਇਗਨਾਸਿਓ ਐਸਟਰਾਡਾ (IGNACIO ESTRADA)

## ਲਰਨਿੰਗ ਡਿਸਏਬਿਲਟੀ ਕੀ ਹੈ?

ਲਰਨਿੰਗ ਡਿਸਏਬਿਲਟੀ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਜਾ ਸਕਦਾ ਹੈ: ਇਹ ਕਈ ਤਰ੍ਹਾਂ ਦੇ ਵਿਕਾਰ ਹਨ ਜੋ ਗਿਆਨ ਅਤੇ ਹੁਨਰਾਂ ਦੇ ਉਸੇ ਪੱਧਰ ਨੂੰ ਪ੍ਰਾਪਤ ਕਰਨਾ ਮੁਸ਼ਕਲ ਬਣਾਉਂਦੇ ਹਨ ਜਿਸ ਪੱਧਰ ‘ਤੇ ਇੱਕੋ ਉਮਰ ਸਮੂਹ ਦੇ ਦੂਜੇ ਬੱਚਿਆਂ ਤੋਂ ਆਸ ਕੀਤੀ ਜਾਂਦੀ ਹੈ. ਇਹ ਵਿਗਾੜ ਸੋਚਣ ਦੀਆਂ ਪ੍ਰਕਿਰਿਆਵਾਂ ਵਿੱਚ ਮੁਸ਼ਕਲ ਕਾਰਨ ਹੁੰਦੇ ਹਨ ਜੋ ਸਿੱਖਣ ਨਾਲ ਜੁੜੀਆਂ ਹੁੰਦੀਆਂ ਹਨ, ਜਿਸ ਵਿੱਚ ਸੋਚਣ ਅਤੇ ਸਮਝਣ ਦੀ ਹੋਰ ਘਟੀ ਹੋਈ ਯੋਗਤਾ ਦਾ ਸੁਮੇਲ ਵੀ ਹੁੰਦਾ ਹੈ. ਸਿੱਖਣ ਦੀਆਂ ਅਯੋਗਤਾਵਾਂ ਵਿਸ਼ੇਸ਼ ਹੁੰਦੀਆਂ ਹਨ ਅਤੇ ਇਹ ਬੌਧਿਕ ਅਯੋਗਤਾ ਤੋਂ ਵੱਖਰੀਆਂ ਹੁੰਦੀਆਂ ਹਨ.

ਲਰਨਿੰਗ ਡਿਸਏਬਿਲਟੀਜ਼ ਜੈਨੇਟਿਕ ਜਾਂ ਜੀਵ-ਵਿਗਿਆਨਕ ਕਾਰਕਾਂ ਕਰਕੇ ਹੁੰਦੀਆਂ ਹਨ. ਇਹ ਸੱਭਿਆਚਾਰਕ ਜਾਂ ਭਾਸ਼ਾਈ ਮਤਭੇਦਾਂ, ਨਾਕਾਫ਼ੀ ਹਦਾਇਤਾਂ, ਸਮਾਜਿਕ-ਆਰਥਿਕ ਸਥਿਤੀ ਜਾਂ ਪ੍ਰੇਰਣਾ ਦੀ ਘਾਟ ਵਰਗੇ ਕਾਰਕਾਂ ਦੇ ਕਾਰਨ ਨਹੀਂ ਹੁੰਦੀਆਂ. ਲਰਨਿੰਗ ਡਿਸਏਬਿਲਟੀਜ਼ ਅਕਸਰ ਦੂਜੀਆਂ ਸਮੱਸਿਆਵਾਂ ਨਾਲ ਮੌਜੂਦ ਹੁੰਦੀਆਂ ਹਨ, ਜਿਸ ਵਿੱਚ ਇਕਾਗਰਤਾ ਦੀਆਂ ਬਿਮਾਰੀਆਂ ਅਤੇ ਭਾਵਨਾਤਮਕ ਵਿਕਾਰ, ਬੋਧ ਸਮੱਸਿਆਵਾਂ ਜਾਂ ਹੋਰ ਸਰੀਰਕ ਮੁਸ਼ਕਲਾਂ ਸ਼ਾਮਲ ਹਨ.



## ਆਮ ਲਰਨਿੰਗ ਡਿਸਏਬਿਲਟੀਜ਼




ਲਰਨਿੰਗ ਡਿਸਏਬਿਲਟੀ ਇੱਕ ਗੰਭੀਰ ਕਿਸਮ ਦੀ ਹੁੰਦੀ ਹੈ ਅਤੇ ਹੇਠ ਲਿਖੀਆਂ ਇੱਕ ਜਾਂ ਵਧੇਰੇ ਮਹੱਤਵਪੂਰਣ ਕੁਸ਼ਲਤਾਵਾਂ ਦੀ ਵਰਤੋਂ ਵਿੱਚ ਰੁਕਾਵਟ ਪੈਂਦੀ ਹੈ:

- ਮੌਖਿਕ ਭਾਸ਼ਾ (ਜਿਵੇ ਕੀ - ਸੁਣਨਾ, ਬੋਲਣਾ, ਸਮਝਣਾ)
- ਪੜ੍ਹਨਾ (ਜਿਵੇ ਕੀ - ਸਮਝਾਉਣਾ, ਸਮਝਣਾ)
- ਲਿਖਤੀ ਭਾਸ਼ਾ (ਜਿਵੇ ਕੀ - ਸਪੈਲਿੰਗ , ਲਿਖਤ ਵਿੱਚ ਪ੍ਰਗਟਾਵਾ)
- ਗਣਿਤ (ਜਿਵੇ ਕੀ - ਸਪੈਲਿੰਗ, ਸਮੱਸਿਆ ਹੱਲ ਕਰਨਾ)

ਲਰਨਿੰਗ ਡਿਸਐਬਿਲਿਟੀ ਦੇ ਕਾਰਨ ਰਚਨਾਤਮਕ ਕੁਸ਼ਲਤਾਵਾਂ ਵਿੱਚ, ਸਮਾਜਕ ਜਾਗਰੂਕਤਾ ਅਤੇ ਸਮਾਜਿਕ ਸੰਪਰਕ ਬਣਾਉਣ ਵਿਚ ਮੁਸ਼ਕਲ ਆਉਂਦੀ ਹੈ.

ਅਜਿਹੀਆਂ ਵਿਕਾਰ ਆਮ ਤੌਰ ਤੇ ਉਮਰ ਭਰ ਰਹਿੰਦੀਆਂ ਹਨ. ਹਾਲਾਂਕਿ, ਇਸਦੇ ਪ੍ਰਭਾਵ ਵਾਤਾਵਰਣ ਅਤੇ ਵਿਅਕਤੀਗਤ ਵਿਸ਼ੇਸ਼ਤਾਵਾਂ ਦੇ ਅਧਾਰ ਤੇ ਸਮੇਂ ਦੇ ਨਾਲ ਵੱਖਰੇ ਤੌਰ ਤੇ ਪ੍ਰਗਟ ਹੋ ਸਕਦੇ ਹਨ. ਕੁਝ ਨੁਕਸ ਕਿੰਡਰਗਾਰਟਨ ਸਾਲਾਂ ਦੌਰਾਨ ਵੇਖੇ ਜਾ ਸਕਦੇ ਹਨ ਜਦੋਂ ਕਿ ਹੋਰ ਨੁਕਸ ਲੰਬੇ ਸਮੇਂ ਬਾਅਦ ਵੀ ਨਹੀਂ ਦਿਖਾਈ ਦਿੰਦੇ. ਸਕੂਲ ਦੇ ਸਾਲਾਂ ਦੌਰਾਨ ਲਰਨਿੰਗ ਡਿਸਏਬਿਲਟੀਨੂੰ ਸਿੱਖਿਆ ਵਿਚ ਮਾੜੀ ਕਾਰਗੁਜ਼ਾਰੀ ਜਾਂ ਸਿਰਫ ਇਸ ਸਫਲਤਾ ਵਜੋਂ ਦੇਖਿਆ ਜਾਂਦਾ ਹੈ ਜੋ ਕਿ ਬਹੁਤ ਜਤਨ ਅਤੇ ਸਹਾਇਤਾ ਦੁਆਰਾ ਹੀ ਸੰਭਵ ਹੈ.

"ਸਪੱਸ਼ਟ ਹੈ ਕਿ ਸਿੱਖਣ ਦੀ ਅਯੋਗਤਾ ਵਾਲੇ ਲੋਕ ਵੱਖਰੇ ਢੰਗ ਨਾਲ ਸਿੱਖਦੇ ਹਨ. ਕੀ ਇਸਦਾ ਮਤਲਬ ਇਹ ਹੈ ਕਿ ਉਹਨਾਂ ਦੇ ਸਿੱਖਣ ਦਾ ਤਰੀਕਾ ਗਲਤ ਹੈ?"

- ਜੋਏਨ ਡੁਮ (JOANNE DUMM)

## ਲਰਨਿੰਗ ਡਿਸਏਬਿਲਟੀਜ਼ ਬਾਰੇ ਗਲਤ ਧਾਰਨਾਵਾਂ



1. ਲਰਨਿੰਗ ਡਿਸਏਬਿਲਟੀਜ਼ ਵਾਲੇ ਬੱਚਿਆਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਉਨ੍ਹਾਂ ਨੂੰ ਅਣਉਚਿਤ ਲਾਭ ਦਿੰਦੀਆਂ ਹਨ. ਉਨ੍ਹਾਂ ਨੂੰ ਬੱਸ ਇਸ ਨਾਲ ਨਜਿੱਠਣਾ ਸਿੱਖਣਾ ਹੈ.

ਅਸਲੀਅਤ:

- ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਨ ਨਾਲ ਉਨ੍ਹਾਂ ਨੂੰ ਉਹ ਚੀਜ਼ਾਂ ਵਿਕਸਤ ਕਰਨ ਵਿੱਚ ਸਹਾਇਤਾ ਮਿਲੇਗੀ ਜਿਨ੍ਹਾਂ ਦੀ ਉਨ੍ਹਾਂ ਨੂੰ ਸਫਲ ਹੋਣ ਲਈ ਜ਼ਰੂਰਤ ਹੈ.
- ਸਹੂਲਤਾਂ ਦੇ ਕਾਰਨ, ਲਰਨਿੰਗ ਡਿਸਏਬਿਲਟੀ ਵਾਲੇ ਲੋਕ ਆਪਣੀ ਯੋਗਤਾ ਦੇ ਪੱਧਰ 'ਤੇ ਕੰਮ ਕਰਦੇ ਹਨ ਨਾ ਕਿ ਅਯੋਗਤਾ ਦੇ.

2. ਸਾਰੀਆਂ ਲਰਨਿੰਗ ਡਿਸਏਬਿਲਟੀਜ਼ ਇੱਕੋ ਜਿਹੀਆਂ ਹਨ.

ਅਸਲੀਅਤ:

- ਲਰਨਿੰਗ ਡਿਸਏਬਿਲਟੀਜ਼ ਗੁੰਝਲਦਾਰ ਹਨ ਅਤੇ ਇਹ ਹਰ ਵਿਅਕਤੀ ਵਿੱਚ ਵੱਖੋ-ਵੱਖਰੀਆਂ ਹੁੰਦੀਆਂ ਹਨ.
- ਲਰਨਿੰਗ ਡਿਸਏਬਿਲਟੀਜ਼ ਦੀਆਂ ਕਈ ਕਿਸਮਾਂ ਹਨ ਅਤੇਇਹ ਸਾਰਿਆਂ ਨੂੰ ਵੱਖਰੇ ਢੰਗ ਨਾਲ ਪ੍ਰਭਾਵਿਤ ਕਰਦੀਆਂ ਹਨ.
- ਵੱਖ ਵੱਖ ਵਾਤਾਵਰਣ ਵਿੱਚ ਲਰਨਿੰਗ ਡਿਸਏਬਿਲਟੀਜ਼ ਦਾ ਪ੍ਰਭਾਵ ਸਥਿਤੀ ਦੀ ਮੰਗ ਦੇ ਅਧਾਰ 'ਤੇ ਬਦਲ ਸਕਦਾ ਹੈ.

3. ਲਰਨਿੰਗ ਡਿਸਏਬਿਲਟੀ ਦਾ ਵਿਕਾਸ ਬਾਲਗ ਹੋਣ 'ਤੇ ਵਧਦਾ ਹੈ.

ਅਸਲੀਅਤ:

- ਅਕਸਰ ਸਿੱਖਣ ਦੀ ਅਯੋਗਤਾ ਬਚਪਨ ਵਿੱਚ ਪਾਈ ਜਾਂਦੀ ਹੈ. ਜਦੋਂ ਸ਼ੁਰੂਆਤੀ ਦਖਲ ਦਿੱਤਾ ਜਾਂਦਾ ਹੈ, ਤਾਂ ਨਜਿੱਠਣ ਦੀਆਂ ਮੁਹਾਰਤਾਂ ਅਤੇ ਰਣਨੀਤੀਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ, ਤਾਂ ਜੋ ਨੌਜਵਾਨ ਆਪਣੀ ਸਿਖਲਾਈ ਦੀ ਅਯੋਗਤਾ ਦਾ ਪ੍ਰਬੰਧਨ ਕਰਨਾ ਸਿੱਖ ਸਕੇ.
- ਸਿੱਖਣ ਦੀ ਅਯੋਗਤਾ ਵਾਲੇ ਨੌਜਵਾਨਾਂ ਨੇ ਆਪਣੇ ਆਲੇ ਦੁਆਲੇ ਦੀ ਦੁਨੀਆਂ ਵਿੱਚ ਰਹਿਣਾ ਸਿੱਖ ਲਿਆ ਹੁੰਦਾ ਹੈ. ਉਹ ਅਕਸਰ ਅਜਿਹੀਆਂ ਨੌਕਰੀਆਂ ਦੀ ਤਲਾਸ਼ ਕਰਨਗੇ ਜੋ ਉਨ੍ਹਾਂ ਦੀ ਸਿਖਲਾਈ ਦੀ ਅਯੋਗਤਾ ਦੇ ਅਨੁਕੂਲ ਹੋਣ.

## ਮਾਪਿਆਂ ਲਈ ਸੁਝਾਅ

ਲਰਨਿੰਗ ਡਿਸਏਬਿਲਟੀ ਵਾਲੇ ਲੋਕਾਂ ਲਈ ਸਫਲਤਾ ਪ੍ਰਾਪਤ ਕਰਨ ਲਈ ਘਰ, ਸਕੂਲ, ਸਮਾਜ ਅਤੇ ਕੰਮ 'ਤੇ, ਉਹਨਾਂ ਦੀ ਵਿਅਕਤੀਗਤ ਸ਼ਕਤੀ ਅਤੇ ਜ਼ਰੂਰਤਾਂ ਦੇ ਅਨੁਸਾਰ ਵਿਸ਼ੇਸ਼ ਦਖਲ ਦੀ ਲੋੜ ਹੁੰਦੀ ਹੈ, ਜਿਸ ਵਿੱਚ ਸ਼ਾਮਲ ਹਨ:

- ਵਿਸ਼ੇਸ਼ ਹੁਨਰ ਦੀ ਹਦਾਇਤ;
- ਪੂਰਕ ਰਣਨੀਤੀਆਂ ਦਾ ਵਿਕਾਸ;
- ਸਵੈ-ਸਮਰਥਿਤ ਹੁਨਰ ਦਾ ਵਿਕਾਸ;
- ਸਹੂਲਤ ਦਾ ਸਹੀ ਪ੍ਰਬੰਧ.

ਲਰਨਿੰਗ ਡਿਸਏਬਿਲਟੀ ਦੀ ਪਛਾਣ ਕਰਨਾ ਬਹੁਤ ਮਹੱਤਵਪੂਰਨ ਹੈ ਤਾਂ ਜੋ ਬੱਚਿਆਂ ਵਿੱਚ ਇਸਦਾ ਜਲਦੀ ਪਤਾ ਲਗਾਇਆ ਜਾ ਸਕੇ. ਤਾਂ ਜੋ ਵਿਦਿਆਰਥੀ ਉਨ੍ਹਾਂ ਹੁਨਰਾਂ ਨੂੰ ਸਮੇਂ ਸਿਰ ਵਿਕਸਤ ਕਰਨ ਅਤੇ ਲੋੜੀਂਦੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋਣਗੇ.



# ਸਾਡੇ ਨਾਲ ਸੰਪਰਕ ਕਰੋ

26-5155 Spectrum Way
Mississauga, ON L4W 5A1
ਫੋਨ: (905) 272-4100
ਫ਼ੈਕਸ: (905) 272-4863
ਵੈੱਬ-ਸਾਈਟ: WWW.LDAPR.CA

LEARNING DISABILITY ASSOCIATION OF PEEL REGION

## ਹਵਾਲਾ:

Learning Disabilities Association of Peel. (n.d.). Retrieved from: https://www.ldapr.ca/

Learning Disabilities Association of Ontario. *Myths and Facts about Learning Disabilities.* (n.d.). Retrieved from: http://www.ldao.ca/myths-facts-about-learning-disabilities/

ਸੁਝਾਅ ਦਿੱਤਾ ਗਿਆ ਹਵਾਲਾ: Freire, T. & Singh, N.R. (2020). What You Need to Know About Learning Disabilities. Mississauga, ON: Regional Diversity Roundtable.